# Official Spokesperson's response to media queries regarding Pakistan's proposal to reopen the Kartarpur corridor

October 03, 2020

## ਕਰਤਾਰਪੁਰ ਲਾਂਘਾ ਖੋਲ੍ਹਣ ਸਬੰਧੀ ਪਾਕਿਸਤਾਨ ਦੀ ਤਜਵੀਜ਼ ਬਾਰੇ ਮੀਡੀਆ ਦੇ ਸਵਾਲਾਂ ਦਾ ਅਧਿਕਾਰਿਤ ਬੁਲਾਰੇ ਵੱਲੋਂ ਜਵਾਬ

3 **ਅਕਤੂਬਰ**, 2020

**ਕਰਤਾਰਪੁਰ ਲਾਂਘਾ ਖੋਲ੍ਹਣ ਸਬੰਧੀ  ਪਾਕਿਸਤਾਨ ਦੀ ਤਜਵੀਜ਼ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਅਧਿਕਾਰਿਤ ਬੁਲਾਰੇ ਸ਼੍ਰੀ ਨੁਰਾਗ ਸ਼੍ਰੀਵਾਸਤਵ ਨੇ ਕਿਹਾ:**

ਜਿਵੇਂ ਤੁਸੀਂ ਜਾਣਦੇ ਹੋ ਕਿ **COVID -19** ਦੇ ਫੈਲਣ ਦੇ ਮੱਦੇਨਜ਼ਰ ਆਵਾਜਾਈ ਮੁਅੱਤਲ ਕਰ ਦਿੱਤੀ ਗਈ ਸੀ। ਅਸੀਂ ਗ੍ਰਹਿ ਮੰਤਰਾਲੇ ਅਤੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਸਮੇਤ ਸਾਰੇ ਸਬੰਧਤ ਅਧਿਕਾਰੀਆਂ ਨਾਲ ਸੰਪਰਕ ਵਿੱਚ ਹਾਂ। ਕਰਤਾਰਪੁਰ ਲਾਂਘੇ ਨੂੰ ਦੁਬਾਰਾ ਖੋਲ੍ਹੇ ਜਾਣ ਬਾਰੇ ਫੈਸਲਾ ਕੋਵਿਡ ਪ੍ਰੋਟੋਕੋਲ ਅਤੇ ਪਾਬੰਦੀਆਂ ਹਟਾਏ ਜਾਣ ਦੇ ਅਨੁਸਾਰ ਹੀ ਲਿਆ ਜਾਵੇਗਾ।

ਪਿਛਲੇ ਸਾਲ ਕਰਤਾਰਪੁਰ ਲਾਂਘੇ ਦੇ ਖੋਲ੍ਹੇ ਜਾਣ ਵੇਲੇ ਅਤੇ ਅਕਤੂਬਰ **2019** ਹੋਏ ਦੁਵੱਲੇ ਸਮਝੌਤੇ ਵਿੱਚ ਇਹ ਫੈਸਲਾ ਲਿਆ ਗਿਆ ਸੀ ਕਿ ਦੋਨੋਂ ਧਿਰ ਸ਼ਰਧਾਲੂਆਂ ਦੀ ਸੁਰੱਖਿਅਤ ਅਤੇ ਸੁਖਾਲੀ ਆਵਾਜਾਈ ਲਈ ਛੇਤੀ ਤੋਂ ਛੇਤੀ ਬੁੱਢੀ ਰਾਵੀ ਚੈਨਲ ਉੱਤੇ ਪੁਲ ਸਮੇਤ ਲੋੜੀਂਦੇ ਬੁਨਿਆਦੀ ਢਾਂਚੇ ਦੀ ਉਸਾਰੀ ਕਰਨਗੇ। ਇਸ ਗੱਲ ਨੂੰ ਇੱਕ ਸਾਲ ਬੀਤ ਗਿਆ ਹੈ**,** ਪਾਕਿਸਤਾਨ ਨੇ ਅਜੇ ਵੀ ਇਹ ਪੁਲ ਨਹੀਂ ਉਸਾਰਿਆ ਹੈ**,** ਜਦੋਂ ਕਿ ਸਾਡੇ ਪਾਸੇ ਤੋਂ ਇਹ ਤਿਆਰ ਹੈ। ਪਾਕਿਸਤਾਨ ਨਾਲ ਇੱਕ ਤਕਨੀਕੀ ਮੁਲਾਕਾਤ ਦਾ ਵੀ ਪ੍ਰਬੰਧ ਕੀਤਾ ਗਿਆ ਸੀ ਅਤੇ ਦੋ ਟੀਮਾਂ ਨੇ **27** ਅਗਸਤ**, 2020** ਨੂੰ ਮੁਲਾਕਾਤ ਕੀਤੀ। ਪਰੰਤੂ ਪਾਕਿਸਤਾਨ ਵੱਲੋਂ ਇਸ ਬਾਰੇ ਕੋਈ ਅੱਗੇ ਦੀ ਕਾਰਵਾਈ ਨਹੀਂ ਕੀਤੀ ਗਈ ਹੈ।

ਨਵੀਂ ਦਿੱਲੀ
**3** ਅਕਤੂਬਰ**, 2020**

DISCLAIMER: This is an approximate translation. The original is available in English on MEA’s website and may be referred to as the official press release.